

# ਸ਼ੁਰੂਆਤੀ ਬਚਪਨ ਦੇ ਹਾਲਾਤਾਂ ਵਿੱਚ ਖੇਡ ਰਾਹੀਂ ਸਿੱਖਣਾ

PUNJABI

## ਖੇਡ ਕੀ ਹੈ?

ਸਾਰੇ ਸੰਸਾਰ ਵਿੱਚ ਅਧਿਐਨਾਂ ਨੇ ਦਿਖਾਇਆ ਹੈ ਕਿ ਬੱਚੇ ਉਸ ਸਮੇਂ ਸਿੱਖਦੇ ਅਤੇ ਵਿਕਸਤ ਹੁੰਦੇ ਹਨ, ਜਦ ਉਹ ਅਰਥਪੂਰਨ ਖੇਡ ਆਧਾਰਤ ਤਜ਼ਰਬਿਆਂ ਵਿੱਚ ਸ਼ਾਮਲ ਹੁੰਦੇ ਹਨ।

"ਬੱਚਿਆਂ ਦੀਆਂ ਕਈ ਤਰ੍ਹਾਂ ਦੀਆਂ ਬੌਧਿਕ, ਸਰੀਰਕ, ਸਮਾਜਿਕ ਅਤੇ ਰਚਨਾਤਮਕ ਯੋਗਤਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਏਕੀਕਰਨ ਕਰਨ ਲਈ ਖੇਡ ਜ਼ਰੂਰੀ ਹੈ। ਬਚਪਨ ਦੀਆਂ ਅਸਰਦਾਰ ਪ੍ਰਥਾਵਾਂ ਬੱਚਿਆਂ ਨਾਲ ਟਿਕਾਊ ਅਤੇ ਸਾਂਝੀਆਂ ਅੰਤਰਕਿਰਿਆਵਾਂ ਦਾ ਸਮਰਥਨ ਕਰਨ ਲਈ ਏਕੀਕਰਤ ਅਧਿਆਪਨ ਅਤੇ ਸਿੱਖਣ ਦੀਆਂ ਪਹੁੰਚਾਂ ਦੀ ਵਰਤੋਂ ਕਰਦੀਆਂ ਹਨ। ਖੇਡ ਅਤੇ ਹੋਰ ਮੌਕਿਆਂ ਰਾਹੀਂ ਬੱਚੇ ਸਮਾਜਿਕ ਅਤੇ ਕੁਦਰਤੀ ਸੰਸਾਰ, ਉਹਨਾਂ ਲੋਕਾਂ, ਸਥਾਨਾਂ, ਵਸਤੂਆਂ ਅਤੇ ਤਜ਼ਰਬਿਆਂ ਬਾਰੇ ਸਮਝਣ ਅਤੇ ਉਹਨਾਂ ਦਾ ਨਿਰਮਾਣ ਕਰਨਾ ਸਿੱਖਦੇ ਹਨ ਜਿੰਨ੍ਹਾਂ ਦਾ ਉਹਨਾਂ ਨੂੰ ਹਰ ਰੋਜ਼ ਸਾਹਮਣਾ ਕਰਨਾ ਪੈਂਦਾ ਹੈ।"

- VEYLDF, 2016, ਸਫਾ 14

ਖੇਡ ਸੁਭਾਵਿਕ ਤੌਰ ਤੇ ਤੁਹਾਡੇ ਬੱਚੇ ਵੱਲ ਆਉਂਦੀ ਹੈ ਅਤੇ ਇਹ ਉਹਨਾਂ ਦੇ ਸਿੱਖਣ ਅਤੇ ਵਿਕਾਸ ਦਾ ਮਹੱਤਵਪੂਰਣ ਹਿੱਸਾ ਹੈ। ਖੇਡ ਤੁਹਾਨੂੰ ਬੱਚੇ ਨੂੰ ਉਹਨਾਂ ਦੀ ਦੁਨੀਆਂ ਦਾ ਅਹਿਸਾਸ ਕਰਵਾਉਣ ਅਤੇ ਪਛਾਣ ਦੀ ਮਜ਼ਬੂਤ ਭਾਵਨਾ ਵਿਕਸਤ ਕਰਨ ਵਿੱਚ ਮਦਦ ਕਰਦੀ ਹੈ। ਨਾਟਕ ਰਾਹੀਂ ਤੁਹਾਡਾ ਬੱਚਾ ਕਲਪਨਾ, ਨਾਟਕ, ਤਿਆਰੀ, ਖੋਜ, ਪੜਚੋਲ, ਸੰਚਾਰ, ਸਵਾਲ, ਗੱਲਬਾਤ ਕਰ ਸਕਦਾ ਹੈ, ਅਤੇ ਸੋਚ, ਮਹਿਸੂਸ, ਛੂਹ ਅਤੇ ਸੁੰਘ ਸਕਦਾ ਹੈ। ਖੇਡ ਵਿੱਚ ਗੱਲਬਾਤ ਕਰਨਾ, ਸਮੱਸਿਆ ਹੱਲ ਕਰਨਾ, ਖਤਰਾ ਉਠਾਉਣਾ, ਨਵੀਆਂ ਚੀਜ਼ਾਂ ਨੂੰ ਅਜ਼ਮਾਉਣਾ ਅਤੇ ਇਹ ਦੇਖਣਾ ਸ਼ਾਮਲ ਹੁੰਦਾ ਹੈ ਕਿ ਚੀਜ਼ਾਂ ਕਿਵੇਂ ਕੰਮ ਕਰਦੀਆਂ ਹਨ। ਤੁਹਾਡਾ ਬੱਚਾ ਆਪਣੇ ਆਪ ਅਤੇ ਦੂਸਰਿਆਂ ਬਾਰੇ ਸਿੱਖੇਗਾ, ਖੇਡ ਦੇ ਨਿਯਮਾਂ ਨੂੰ ਸਿੱਖੇਗਾ, ਦੋਸਤ ਬਣਾਏਗਾ, ਰਿਸ਼ਤੇ ਵਿਕਸਤ ਕਰੇਗਾ ਅਤੇ ਆਪਣੇ ਅਧਿਆਪਕਾਂ ਅਤੇ ਹੋਰ ਬੱਚਿਆਂ ਸਮੇਤ ਆਪਣੇ ਆਸ-ਪਾਸ ਦੇ ਲੋਕਾਂ ਉੱਤੇ ਭਰੋਸਾ ਕਰੇਗਾ।

ਬੱਚੇ ਕਈ ਵਾਰ ਇਕੱਲੇ ਖੇਡਣਗੇ, ਇੱਕ ਜਾਂ ਦੋ ਹੋਰ ਬੱਚਿਆਂ ਨਾਲ ਖੇਡਣਗੇ ਅਤੇ ਛੋਟੇ ਜਾਂ ਵੱਡੇ ਸਮੂਹਾਂ ਵਿੱਚ ਬੱਚਿਆਂ ਨਾਲ ਖੇਡਣਗੇ। ਖੇਡ ਸ਼ੋਰ-ਸ਼ਰਾਬੇ ਵਾਲੀ ਜਾਂ ਸ਼ਾਂਤ, ਸੁਸਤ ਜਾਂ ਸਰਗਰਮ ਹੋ ਸਕਦੀ ਹੈ।

*"ਨਿਰਵਿਘਨ ਖੇਡਣ ਦੇ ਦੌਰ, ਬੱਚਿਆਂ ਨੂੰ ਖੁੱਲ੍ਹੀਆਂ ਸਮੱਗਰੀਆਂ ਅਤੇ ਸਰੋਤਾਂ ਦੀ ਕੀਮਤੀ ਕਿਸਮ ਦੀ ਵਰਤੋਂ ਕਰਕੇ ਖੋਜ, ਪੜਚੋਲ ਕਰਨ ਅਤੇ ਨਵੀਆਂ ਚੀਜ਼ਾਂ ਲੱਭਣ ਲਈ ਸਮਾਂ ਦਿੰਦੇ ਹਨ।"*

- VEYLDF, 2016, ਸਫਾ 21

## ਖੇਡ ਰਾਹੀਂ ਸਿੱਖਣਾ

ਅਧਿਆਪਕ ਅਤੇ ਸਿਖਿਅਕ ਸੇਵਾ ਵਿੱਚ ਹਾਜ਼ਰੀ ਭਰਨ ਵਾਲੇ ਹਰੇਕ ਬੱਚੇ ਦੀਆਂ ਵਿਅਕਤੀਗਤ ਰੁਚੀਆਂ ਅਤੇ ਲੋੜਾਂ ਦੀ ਪੂਰਤੀ ਕਰਨ ਲਈ ਪ੍ਰੋਗਰਾਮ ਦੀ ਯੋਜਨਾ ਬਣਾਉਂਦੇ ਹਨ। ਉਹ ਖੁੱਲ੍ਹੇ ਸਿੱਖਣ ਦੇ ਵਾਤਾਵਰਣ ਵਿੱਚ ਕਈ ਤਰ੍ਹਾਂ ਦੇ ਖੇਡ-ਆਧਾਰਿਤ ਅਨੁਭਵਾਂ ਨੂੰ ਪ੍ਰਦਾਨ ਕਰਕੇ ਅਜਿਹਾ ਕਰਦੇ ਹਨ, ਜਿੱਥੇ ਬੱਚੇ ਘਰ ਦੇ ਅੰਦਰ ਅਤੇ ਬਾਹਰੀ ਸਥਾਨਾਂ ਵਿਚਕਾਰ ਸੁਤੰਤਰ ਰੂਪ ਵਿੱਚ ਆ ਜਾ ਸਕਦੇ ਹਨ।

ਕੁਝ ਨਿਰਦੇਸ਼ਾਂ ਵਾਲੀਆਂ ਰਸਮੀ ਸਰਗਰਮੀਆਂ ਹੋਣਗੀਆਂ, ਜਿਵੇਂ ਕਿ ਸੰਗੀਤ, ਕਹਾਣੀਆਂ ਅਤੇ ਵਿਚਾਰ-ਵਟਾਂਦਰੇ। ਦਿਨ ਦੇ ਇੱਕ ਵੱਡੇ ਹਿੱਸੇ ਵਾਸਤੇ, ਬੱਚੇ ਆਪਣੇ ਆਪ ਇਸ ਬਾਰੇ ਫੈਸਲੇ ਕਰਨਗੇ ਕਿ ਉਹ ਕਿੱਥੇ ਖੇਡਣਗੇ, ਉਹ ਕਿਸ ਨਾਲ ਖੇਡਣਗੇ, ਅਤੇ ਉਹ ਕਿਸੇ ਵਿਸ਼ੇਸ਼ ਖੇਡ ਕਿਰਿਆ ਵਿੱਚ ਕਿੰਨੇ ਸਮਾਂ ਬਿਤਾਉਣਗੇ। ਜਦ ਬੱਚਿਆਂ ਨੂੰ ਮਦਦ ਦੀ ਲੋੜ ਹੁੰਦੀ ਹੈ ਤਾਂ ਸਿੱਖਿਅਕ ਸਹਾਇਤਾ ਅਤੇ ਮਾਰਗ-ਦਰਸ਼ਨ ਪ੍ਰਦਾਨ ਕਰਨਗੇ।

ਬੱਚਿਆਂ ਨੂੰ ਸਿੱਖਣ ਦੇ ਪਿਆਰ ਦਾ ਵਿਕਾਸ ਕਰਨ ਲਈ, ਉਤਸੁਕ, ਜਗਿਆਸੂ ਅਤੇ ਦਿਲਚਸਪੀ ਰੱਖਣ ਲਈ, ਅਤੇ ਉਹਨਾਂ ਦੀ ਦੁਨੀਆਂ ਵਿੱਚ ਦਿਲਚਸਪੀ ਤੇ ਜਿਹੜੇ ਲੋਕਾਂ ਨੂੰ ਉਹ ਮਿਲਦੇ ਹਨ ਬਾਰੇ ਸਿੱਖਿਅਕ ਵਿਭਿੰਨ ਅਧਿਆਪਨ ਰਣਨੀਤੀਆਂ ਦੀ ਵਰਤੋਂ ਕਰਨਗੇ। ਉਹ ਖੇਡ ਦਾ ਮਾਰਗ-ਦਰਸ਼ਨ ਕਰ ਸਕਦੇ ਹਨ, ਖੇਡ ਦੀ ਅਗਵਾਈ ਕਰ ਸਕਦੇ ਹਨ, ਜਾਂ ਬੱਚਿਆਂ ਨੂੰ ਸਵੈ-ਨਿਰਦੇਸ਼ਿਤ ਖੇਡ ਵਿੱਚ ਦੇਖ ਸਕਦੇ ਹਨ।

## ਖੇਡ ਦੌਰਾਨ ਬੱਚੇ ਕੀ ਸਿੱਖ ਰਹੇ ਹਨ?

ਖੇਡ ਬੱਚਿਆਂ ਨੂੰ ਗੱਲਬਾਤ ਕਰਨ ਅਤੇ ਸਵਾਲ ਪੁੱਛਣ, ਸ਼ਬਦਾਵਲੀ ਅਤੇ ਭਾਸ਼ਾ, ਸਾਖਰਤਾ, ਅੰਕਾਂ ਬਾਰੇ ਅਤੇ ਸਮਾਜਕ ਹੁਨਰਾਂ ਦਾ ਵਿਕਾਸ ਕਰਨ ਅਤੇ ਅਭਿਆਸ ਕਰਨ ਦੇ ਮੌਕੇ ਪ੍ਰਦਾਨ ਕਰਦੀ ਹੈ। ਖੇਡ ਰਾਹੀਂ, ਬੱਚੇ ਸਿੱਖ ਰਹੇ ਹਨ ਕਿ ਗੱਲਬਾਤ ਕਿਵੇਂ ਕਰਨੀ ਹੈ ਅਤੇ ਹੋਰਨਾਂ ਲੋਕਾਂ ਨਾਲ ਕਿਵੇਂ ਸਬੰਧਤ ਹੋਣਾ ਹੈ।

ਬੱਚੇ ਆਪਣੀ ਕਲਪਨਾ ਦੀ ਵਰਤੋਂ ਵੀ ਉਸ ਚੀਜ਼ ਨੂੰ ਕਰਨ ਲਈ ਕਰਦੇ ਹਨ ਜੋ ਉਹਨਾਂ ਨੇ ਵੇਖਿਆ ਹੈ, ਉਦਾਹਰਣ ਲਈ;

- ਖਾਣੇ ਤਿਆਰ ਕਰਨ ਦਾ ਬਹਾਨਾ ਕਰਨਾ
- ਬੱਚੇ ਦੀ ਦੇਖਭਾਲ ਕਰਨਾ
- ਅੱਗ ਬੁਝਾਉਣ ਵਾਲਾ, ਡਾਕਟਰ ਜਾਂ ਦੁਕਾਨਦਾਰ ਬਣਨਾ।

ਇਹ ਬੱਚਿਆਂ ਨੂੰ ਆਪਣੇ ਸੰਸਾਰ ਅਤੇ ਆਪਣੇ ਭਾਈਚਾਰੇ ਨੂੰ ਸਮਝਣਾ ਅਤੇ ਇਸ ਦਾ ਪਤਾ ਲਗਾਉਣ ਵਿੱਚ ਮਦਦ ਕਰਦਾ ਹੈ।

*"ਵਿਭਿੰਨ ਪਛਾਣਾਂ ਅਤੇ ਦ੍ਰਿਸ਼ਟੀਕੋਣਾਂ ਦੀ ਪੜਚੋਲ ਕਰਨ ਲਈ ਨਾਟਕੀ ਖੇਡ ਮਹੱਤਵਪੂਰਣ ਹੈ, ਜਿਸ ਵਿੱਚ ਵਿਸ਼ਵ-ਵਿਆਪੀ ਭਾਈਚਾਰਿਆਂ ਨਾਲ ਸਬੰਧ ਰੱਖਣ ਦੀ ਧਾਰਨਾ ਵੀ ਸ਼ਾਮਲ ਹੈ। ਬੱਚਿਆਂ ਨੂੰ ਵਿਅਕਤੀਆਂ ਅਤੇ ਸਮੂਹਾਂ ਵਿਚਕਾਰ ਸਮਾਨਤਾਵਾਂ ਅਤੇ ਫਰਕਾਂ ਦੀ ਕਦਰ ਕਰਨ ਲਈ ਅਤੇ ਵਿਭਿੰਨ ਦ੍ਰਿਸ਼ਟੀਕੋਣਾਂ ਦਾ ਆਦਰ ਕਰਨ ਲਈ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ।"*

- VEYLDF, 2016, ਸਫਾ 18

ਜਦ ਤੁਹਾਡਾ ਬੱਚਾ ਖੇਡ ਵਿੱਚ ਸ਼ਾਮਲ ਹੁੰਦਾ ਹੈ, ਤਾਂ ਉਹ ਉਹਨਾਂ ਵਿਵਹਾਰਾਂ ਨੂੰ ਸਿੱਖਣ ਵਿੱਚ ਮਦਦ ਕਰਨ ਲਈ, ਨਿਯਮਾਂ ਬਾਰੇ ਗੱਲਬਾਤ ਕਰਨਗੇ ਜੋ ਦੂਸਰਿਆਂ ਵਾਸਤੇ ਸਵੀਕਾਰ ਕਰਨ ਯੋਗ ਹਨ। ਉਦਾਹਰਣ ਲਈ, ਬੱਚੇ ਝੂਲੇ ਉੱਤੇ ਆਪਣੀ ਵਾਰੀ ਦੀ ਉਡੀਕ ਕਰਨ ਲਈ ਨਿਯਮ ਵਿਕਸਤ ਕਰ ਸਕਦੇ ਹਨ। ਬੱਚਿਆਂ ਨੂੰ ਅਜਿਹੇ ਨਿਯਮ ਬਣਾਉਣ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਣਾ ਜੋ ਹਰ ਕਿਸੇ ਨੂੰ ਸੁਰੱਖਿਅਤ ਰੱਖਣ, ਸਾਜ਼ੋ-ਸਾਮਾਨ ਦੀ ਦੇਖਭਾਲ ਕਰਨ ਅਤੇ ਨਿਰਪੱਖਤਾ ਅਤੇ ਬਰਾਬਰਤਾ ਵਿੱਚ ਸਹਾਇਤਾ ਕਰਦੇ ਹਨ, ਉਹਨਾਂ ਦੀ ਸੋਚ ਅਤੇ ਸਮੱਸਿਆ ਨੂੰ ਹੱਲ ਕਰਨ ਦੇ ਹੁਨਰਾਂ ਵਿੱਚ ਮਦਦ ਕਰਨਗੇ, ਅਤੇ ਉਹਨਾਂ ਦੀ ਗੱਲਬਾਤ ਅਤੇ ਸਮਾਜਕ ਹੁਨਰਾਂ ਦੇ ਵਿਕਾਸ ਅਤੇ ਨਾਲ ਹੀ ਉਹਨਾਂ ਦੀ ਅੰਕਾਂ ਅਤੇ ਸਾਖਰਤਾ ਹੁਨਰਾਂ ਦੇ ਵਿਕਾਸ ਵਿੱਚ ਸਹਾਇਤਾ ਕਰਨਗੇ।

ਆਪਣੀ ਖੇਡ ਵਿੱਚ, ਬੱਚੇ ਆਪਣੇ ਮੌਜੂਦਾ ਗਿਆਨ ਅਤੇ ਵਿਚਾਰਾਂ ਨੂੰ ਨਵੇਂ ਅਤੇ ਦਿਲਚਸਪ ਤਰੀਕਿਆਂ ਨਾਲ ਤਿਆਰ ਕਰ ਸਕਦੇ ਹਨ।

ਬੱਚੇ ਕੁਝ ਸਰਗਰਮੀਆਂ ਨੂੰ ਵਾਰ-ਵਾਰ ਦੁਹਰਾ ਸਕਦੇ ਹਨ, ਖਤਰੇ ਉਠਾ ਸਕਦੇ ਹਨ ਅਤੇ ਸਿੱਖਣ ਅਤੇ ਹੁਨਰਾਂ ਦਾ ਅਭਿਆਸ ਕਰ ਸਕਦੇ ਹਨ, ਜਿਵੇਂ ਕਿ;

- ਆਪਣੇ ਆਪ ਕਿਸੇ ਉੱਚੀ ਥਾਂ ਉੱਤੇ ਚੜ੍ਹਨਾ
- ਛੋਟੇ ਛੋਟੇ ਟੁਕੜਿਆਂ ਦੀ ਬੁਝਾਰਤ ਵਿੱਚ ਮੁਹਾਰਤ ਹਾਸਲ ਕਰਨਾ
- ਆਪਣੇ ਕੱਪੜੇ ਜਾਂ ਕਲਾ ਵਾਲਾ ਕੋਟ ਪਹਿਨਣਾ
- ਪਤਲੀ ਛਤੀਰੀ ਉੱਤੇ ਸੰਤੁਲਨ ਬਨਾਉਣਾ
- ਕੈਂਚੀ ਦੀ ਆਪਣੇ ਆਪ ਵਰਤੋਂ
- ਇੱਕ ਪੈਰ ਉੱਤੇ ਕੁੱਦਣਾ
- ਆਪਣੇ ਆਪ ਨੂੰ ਝੂਲੇ ਉੱਤੇ ਧੱਕਣਾ।

ਇਹ ਪ੍ਰਾਪਤੀਆਂ, ਵੱਡੀਆਂ ਅਤੇ ਛੋਟੀਆਂ, ਬੱਚਿਆਂ, ਉਹਨਾਂ ਦੇ ਪਰਿਵਾਰਾਂ ਅਤੇ ਉਹਨਾਂ ਦੀ ਸਿੱਖਿਆ ਦਾ ਸਮਰਥਨ ਕਰਨ ਵਾਲੇ ਅਧਿਆਪਕਾਂ ਵਾਸਤੇ ਇਨਾਮ ਹਨ।

ਖੇਡ ਬੱਚਿਆਂ ਨੂੰ ਇਹਨਾਂ ਦੇ ਮੌਕੇ ਦਿੰਦੀ ਹੈ ਕਿ ਤੁਸੀਂ; ਜਸ਼ਨ ਮਨਾਉਣ, ਪ੍ਰਾਪਤੀ, ਸਫਲਤਾ, ਗਲਤੀਆਂ ਕਰਨੀਆਂ, ਅਭਿਆਸ ਕਰਨ, ਨਵੀਂ ਜਾਣਕਾਰੀ ਜਾਂ ਹੁਨਰਾਂ ਦੀ ਜਾਂਚ ਕਰਨ, ਰਾਇ ਬਨਾਉਣ ਅਤੇ ਨਵੇਂ ਹੁਨਰਾਂ ਨੂੰ ਸਿੱਖਣ ਅਤੇ ਗਿਆਨ ਵਿੱਚ ਮਾਹਰ ਹੋ।

ਖੇਡ ਇਸ ਤਰ੍ਹਾਂ ਹੈ ਕਿ ਤੁਹਾਡਾ ਬੱਚਾ ਕਿਵੇਂ ਸਿੱਖਦਾ ਹੈ।

---

**References**

Department of Education and Training, 2016. *Victorian Early Years Learning and Development Framework.*